ਕਾਵਿ ਪਹਾੜੇ

(ਬਾਲ ਕਵਿਤਾਵਾਂ)

ਲੇਖਕ

ਅਮਰੀਕ ਸਿੰਘ ਤਲਵੰਡੀ

ਸਟੇਟ ਅਤੇ ਨੈਸ਼ਨਲ ਐਵਾਰਡੀ

ASIA VISIONS

ਕਾਵਿ ਪਹਾੜੇ

(ਬਾਲ ਕਵਿਤਾਵਾਂ)

ਅਮਰੀਕ ਸਿੰਘ ਤਲਵੰਡੀ
ਪਿੰਡ ਤੇ ਡਾਕ. ਤਲਵੰਡੀ ਕਲਾਂ
ਤਹਿ: ਜਗਰਾਓਂ
ਜ਼ਿਲ੍ਹਾ- ਲੁਧਿਆਣਾ

© ਲੇਖਕ

ਪਹਿਲੀ ਵਾਰ: **2003**

ਮੁੱਲ: **50** ਰੁਪਏ

Published & Printed By:

SehYog

199, Shaheed Bhagat Singh Nagar,
Ludhiana
pbifonts@eboom.com
Phone: 2426246

‘‘ਬੱਚਿਆਂ ਕੋਲੋਂ ਸਿਖੋ ਵੱਡਿਓ
ਭਾਈਚਾਰੇ ਦੇ ਕੀ ਨਜ਼ਾਰੇ।
ਬੱਚਿਆਂ ਵਾਲੀ ਅੱਖ ਨ‘ ਵੇਖੋ
ਸਾਫ਼ ਸਵਰਗ ਦੇ ਪੈਣ ਝਲਕਾਰੇ।’’

ਸਮਰਪਿਤ

* ਬਹੁਤ ਹੀ ਪਿਆਰੀ ਬੱਚੀ ਨਵਰੋਜ਼ ਅਤੇ ਕਾਕਾ ਹਮਰਾਜ ਨੂੰ....।

* ਸਤਿਕਾਰਯੋਗ ਬਾਈ ਮਲਕੀਤ ਸਿੰਘ ਅਤੇ ਦਰਸ਼ਨ ਸਿੰਘ ਦੇ ਪਿਆਰੇ-ਪਿਆਰੇ ਪੋਤਰੇ, ਦੋਹਤੇ-ਦੋਹਤਰੀਆਂ ਹਰਮਨਪ੍ਰੀਤ, ਜਸਕਰਨ, ਮਨਰਾਜ, ਦਿਲਕੀਰਤ, ਸਹਿਜਪ੍ਰੀਤ ਅਤੇ ਸੁਖਪ੍ਰੀਤ ਨੂੰ.....।

-ਅਮਰੀਕ ਸਿੰਘ ਤਲਵੰਡੀ

ਸਟੇਟ ਅਤੇ ਨੈਸ਼ਨਲ ਐਵਾਰਡੀ

ਕਿਹੜੀ ਕਿਤਾਬ ਕਦੋਂ?

ਪਹਿਲਾਂ:	* ਕੁਆਰੇ ਬੋਲ	ਗੀਤ ਸੰਗ੍ਰਹਿ	**1975**
	* ਤੋਹਫ਼ਾ ਸੱਜਣਾਂ ਦਾ	ਗੀਤ ਸੰਗ੍ਰਹਿ	**1986**
	* ਚੜ੍ਹਿਆ ਸੋਧਣ ਧਰਤ ਲੋਕਾਈ	ਗੀਤ ਸੰਗ੍ਰਹਿ	**1987**
	* ਪਹਾੜ ਜਿੱਡੇ ਲਾਰੇ	ਗੀਤ ਸੰਗ੍ਰਹਿ	**1990**
	* ਦੂਰ ਵਸੇਦੇ ਸੱਜਣਾਂ	ਗੀਤ ਸੰਗ੍ਰਹਿ	**1991**
	* ਮਹਿਕਦੇ ਬੋਲ	ਕਾਵਿ ਸੰਗ੍ਰਹਿ	**1993**
	* ਮੋਹ ਭਿੱਜੇ ਬੋਲ	ਗੀਤ ਸੰਗ੍ਰਹਿ	**1993**
	* ਆਪ ਮੁਹਾਰੇ ਬੋਲ	ਲੋਕ ਬੋਲੀਆਂ	**1997**
	* ਮੇਰੇ ਖਿਡੌਣੇ	ਬਾਲ ਗੀਤ	**1999**
	* ਪਾਕਿ ਰੂਹਾਂ ਦੇ ਖਾਬ	ਗੀਤ ਸੰਗ੍ਰਹਿ	**2000**
	* ਵਿਰਸਾ ਆਪਣਾ ਲੈ ਸੰਭਾਲ	ਕਾਵਿ ਸੰਗ੍ਰਹਿ	**2002**
	* ਮਨ ਦਾ ਮੋਰ	ਗੀਤ ਸੰਗ੍ਰਹਿ	**2003**
ਹੁਣ	* ਕਾਵਿ ਪਹਾੜੇ	ਬਾਲ ਕਵਿਤਾਵਾਂ	**2003**

ਫਿਰ.....?

ਪੱਕਾ ਪਤਾ:

ਅਮਰੀਕ ਸਿੰਘ ਤਲਵੰਡੀ

ਪਿੰਡ ਤੇ ਡਾ. ਤਲਵੰਡੀ ਕਲਾਂ

ਤਹਿ: ਜਗਰਾਉਂ

ਜ਼ਿਲ੍ਹਾ- ਲੁਧਿਆਣਾ

ਹੁਣ ਦਾ ਪਤਾ:

ਅਮਰੀਕ ਸਿੰਘ ਤਲਵੰਡੀ

ਗਿੱਲ ਨਗਰ, ਗਲੀ ਨੰ. **13**

ਮੁੱਲਾਂਪੁਰ ਦਾਖਾ- ਲੁਧਿਆਣਾ

0161-2879802

ਕੁਝ ਮੇਰੇ ਵੱਲੋਂ

ਸਾਹਿਤ ਰਚਨਾ ਬੜਾ ਮੁਸ਼ਕਲ ਤੇ ਪਵਿੱਤਰ ਕਾਰਜ ਹੈ। ਕੁਦਰਤ ਜਦੋਂ ਮੇ ਹਰਬਾਨ ਹੋਵੇ ਤਾਂ ਇਹ ਮੁਸ਼ਕਲ ਕਾਰਜ ਵੀ ਲੇਖਕ ਨੂੰ ਅਨੰਦਤ ਕਰਦਾ ਹੈ। ਏਸੇ ਕਰਕੇ ਲੇਖਕ ਇਸ ਮੁਸ਼ਕਲ ਕਾਰਜ ਨੂੰ ਨਿਰੰਤਰ ਤੇ ਬੇਖੌਫ਼ ਕਰੀ ਜਾਂਦੇ ਹਨ। ਇਸ ਲਈ ਉਹਨਾਂ ਨੂੰ ਕਿੰਨੀ ਵੀ ਕੁਰਬਾਨੀ ਕਿਉਂ ਨਾ ਕਰਨੀ ਪਵੇ। ਭੁੱਖੇ ਤ੍ਰਿਹਾਏ ਰਹਿਕੇ ਰਾਤਾਂ ਨੂੰ ਜਾਗਕੇ ਇਹ ਸਾਧਨਾ ਕਰਦੇ ਹਨ। ਜੇ ਆਮ ਸਾਹਿਤ ਮੁਸ਼ਕਲ ਕਾਰਜ ਹੈ ਤਾਂ ਬੱਚਿਆਂ ਲਈ ਲਿਖਣਾ ਇਸ ਤੋਂ ਵੀ ਕਿਤੇ ਵੱਧ ਮੁਸ਼ਕਲ ਕਾਰਜ ਹੈ। ਏਸੇ ਕਰਕੇ ਹਰ ਬਾਲ ਲੇਖਕ ਵੱਡਿਆਂ ਲਈ ਸਾਹਿਤ ਰਚ ਸਕਦਾ ਹੈ ਲੇਕਿਨ ਹਰ ਵੱਡਿਆਂ ਲਈ ਲਿਖਣ ਵਾਲਾ ਸਾਹਿਤਕਾਰ ਬੱਚਿਆਂ ਲਈ ਲਿਖ ਨਹੀਂ ਸਕਦਾ। ਵੱਡਿਆਂ ਲਈ ਲਿਖਣਾ ਇਸ ਕਰਕੇ ਹੀ ਸੌਖਾ ਹੈ ਕਿ ਤੁਸੀਂ ਆਪ ਵੱਡੇ ਹੋ ਤੁਹਾਡੀ ਸੋਚ, ਤੁਹਾਡੇ ਸ਼ਬਦ ਉਹਨਾਂ ਦੇ ਹਾਣਦੇ ਹਨ। ਪਰ ਬੱਚਿਆਂ ਲਈ ਲਿਖਣ ਸਮੇਂ ਤੁਹਾਨੂੰ ਖੁਦ ਬੱਚਾ ਬਣਨਾ ਪੈਂਦਾ ਹੈ। ਹਰ ਸ਼ਬਦ ਅਤੇ ਖਿਆਲ ਦਾ ਖਿਆਲ ਰੱਖਣਾ ਪੈਂਦਾ ਹੈ ਕਿ ਕੀ ਇਹ ਬੱਚਿਆਂ ਦੇ ਬੌਧਿਕ ਪੱਧਰ ਦਾ ਹੈ। ਭੁੱਲਣਾ ਪੈਂਦਾ ਹੈ ਕਿ ਮੈਂ ਵੱਡਾ ਹਾਂ। ਰਚਨਾ ਰਚਣ ਤਕ ਬੱਚਾ ਬਣਨਾ ਪੈਂਦਾ ਹੈ। ਇਸੇ ਕਰਕੇ ਹੀ ਬੱਚਿਆਂ ਲਈ ਲਿਖਣਾ ਅਤਿ ਮੁਸ਼ਕਲ ਕਾਰਜ ਹੈ।

''ਕਾਵਿ ਪਹਾੜੇ'' ਕਾਵਿ ਸੰਗ੍ਰਹਿ ਨਾਂ ਤੋਂ ਹੀ ਸਪੱਸ਼ਟ ਹੈ ਕਿ ਪਹਾੜੇ ਛੋਟੇ ਬੱਚੇ ਹੀ ਬੋਲਦੇ ਹਨ। ਮੈਂ ਲੰਬੇ ਸਮੇਂ ਤੋਂ ਸੋਚਦਾ ਆ ਰਿਹਾ ਸੀ ਕਿ ਰੁੱਖੇ, ਖੁਸ਼ਕ ਤੇ ਉਕਤਾਅ ਦੇ ਣ ਵਾਲੇ ਪਹਾੜਿਆਂ ਨੂੰ ਕਿਵੇਂ ਰੌਚਕ ਬਣਾਇਆ ਜਾਵੇ। ਬਾਲ ਲਿਖਤਾਂ ਲਿਖਦਾ ਸਾਂ, ਸੋਚਿਆ ਕਿ ਬੱਚੇ ਕਵਿਤਾ ਗੀਤ ਜ਼ਿਆਦਾ ਪਸੰਦ ਕਰਦੇ ਹਨ ਕਿਉਂ ਨਾ ਪਹਾੜਿਆਂ ਨੂੰ ਕਵਿਤਾ ਵਿੱਚ ਪਰੋਇਆ ਜਾਵੇ। ਮੈਂ ਇੱਥੇ ਇੱਕ ਗੱਲ ਦਾ ਜ਼ਰੂਰ ਖਿਆਲ ਰੱਖਿਆ ਕਿ ਪਹਾੜੇ ਸਿਰਫ ਮਨੋਰੰਜਕ ਹੀ ਨਹੀਂ ਬਣਨੇ ਚਾਹੀਦੇ ਬਲਕਿ ਸਿੱਖਿਆ ਭਰਪੂਰ ਵੀ ਹੋਣ। ਜਿਹੜੀਆਂ ਚੰਗੀਆਂ ਗੱਲਾਂ ਅਸੀਂ ਬੱਚਿਆਂ ਨੂੰ ਸਕੂਲਾਂ ਵਿੱਚ ਉਂਝ ਦੱਸਦੇ ਰਹਿੰਦੇ ਹਾਂ ਉਹੀ ਸਾਰੀਆਂ ਮੈਂ ਪਹਾੜਿਆਂ ਵਿੱਚ ਲੈ ਆਂਦੀਆਂ ਹਨ, ਤਾਂ ਕਿ ਬੱਚੇ ਸੁਭਾਵਿਕ ਹੀ ਸਿੱਖੀ ਜਾਣ। ਜਿਵੇਂ ਕਿ ਵੱਡਿਆਂ ਦੇ ਸਤਿਕਾਰ ਅਤੇ ਪਿਆਰ ਦੀ ਅਸੀਂ ਗੱਲ ਕਰਦੇ ਹਾਂ ਉਸ ਨੂੰ ਦੂਣੀ ਦੇ ਪਹਾੜੇ ਵਿੱਚ ਕਿਵੇਂ ਪੇਸ਼ ਕੀਤਾ ਹੈ? ਦੇਖਣਾ!

''ਇੱਕ ਦੂਣੀ ਦੂਣੀ ਦੋ ਦੂਣੀ ਚਾਰ।

ਵੱਡਿਆਂ ਦਾ ਸਤਿਕਾਰ ਕਰੋ ਛੋਟਿਆਂ ਨਾਲ ਪਿਆਰ।
ਏਸੇ ਤਰ੍ਹਾਂ ਏਕੇ ਦੀ ਬਰਕਤ ਨੂੰ ਪਹਾੜੇ ਵਿੱਚ ਕਿਵੇਂ ਬੰਦ ਕੀਤਾ ਹੈ? ਦੇਖਣਾ!
ਤਿੰਨ ਦੂਣੀ ਛੇ ਚਾਰ ਦੂਣੀ ਅੱਠ।
ਸਭ ਸਿਆਣੇ ਇਹੀ ਕਹਿੰਦੇ ਏਕਾ ਲੋਹੇ ਦੀ ਲੱਠ।
ਏਸੇ ਤਰ੍ਹਾਂ ਝੂਠ ਬੋਲਣ ਤੋਂ ਕਿਸ ਤਰ੍ਹਾਂ ਵਰਜਿਆ ਹੈ।
ਇੱਕ ਤੀਆ ਤੀਆ ਦੋ ਤੀਏ ਛੇ।
ਝੂਠ ਕਦੇ ਨਾ ਬੋਲੋ ਬੱਚੋ ਝੂਠੇ ਦੇ ਸਿਰ ਖੇਹ।
ਜੇ ਕਰੋਗੇ ਸੋ ਭਰੋਗੇ ਇਸਨੂੰ ਪਹਾੜੇ ਵਿੱਚ ਕਿਵੇਂ ਬੰਦ ਕੀਤਾ ਹੈ? ਦੇਖਣਾ!
ਤਿੰਨ ਛੀਕੇ ਅਠਾਰਾਂ ਚਾਰ ਛੀਕੇ ਚੌਵੀ
ਫਲ਼ ਮਿਲੇਗਾ ਓਹੀ ਸਾਨੂੰ ਬੀਜਾਂਗੇ ਅਸਾਂ ਜੋ ਵੀ।
ਸੜਕ ਤੇ ਖੱਬੇ ਚੱਲਣ ਦੀ ਗੱਲ ਪਹਾੜੇ ਰਾਹੀਂ ਕਿਵੇਂ ਕੀਤੀ ਹੈ? ਦੇਖਣਾ!
ਨੌਂ ਨਿਆਂਈ ਇਕਾਸੀ ਦਸ ਨਾਇਆਂ ਨੱਬੇ।
ਅਮਰੀਕ ਤਲਵੰਡੀ ਦੱਸਦਾ ਰਹਿੰਦਾ ਸਦਾ ਚੱਲੋ ਖੱਬੇ।
ਉਸਤਾਦਾਂ ਅਤੇ ਗੁਰੂਆਂ ਦੇ ਸਤਿਕਾਰ ਦੀ ਗੱਲ ਕਿਵੇਂ ਕੀਤੀ ਹੈ? ਦੇਖਣਾ!
ਨੌਂ ਦਾਹਾ ਨੱਬੇ ਦਾਹੋ ਦਾਹੀ ਸੌ।
ਗੁਰੂ ਦਾ ਦਰਜ਼ਾ ਬਹੁਤ ਉੱਚਾ ਚਰਨ ਲਈਏ ਛੋਹ।
ਸਫ਼ਾਈ ਬਾਰੇ ਪਹਾੜੇ ਰਾਹੀਂ ਕਿਵੇਂ ਦੱਸਿਆ?
ਗਿਆਰਾਂ ਏਕਮ ਗਿਆਰਾਂ ਗਿਆਰਾ ਦੂਣਾ ਬਾਈ।
ਰੋਗਾਂ ਤੋਂ ਜੇ ਬਚਣਾ ਬੱਚਿਓ ਰੱਖੋ ਸਦਾ ਸਫ਼ਾਈ।
ਮਿਹਨਤ ਕਰਨ ਦੀ ਗੱਲ ਪਹਾੜੇ ਵਿੱਚ ਕਿਵੇਂ ਕੀਤੀ ਹੈ? ਦੇਖਣਾ!
ਬਾਰਾਂ ਏਕਮ ਬਾਰਾਂ ਬਾਰਾਂ ਦੂਣਾ ਚੌਵੀ।
ਉਹੀ ਚੰਗੀਆਂ ਮੱਲਾਂ ਮਾਰਨ ਮਿਹਨਤ ਕਰਨ ਜੋ ਵੀ।
ਸਭ ਦੇ ਭਲੇ ਦੀ ਗੱਲ ਪਹਾੜੇ ਰਾਹੀਂ ਕਿਵੇਂ ਕੀਤੀ ਹੈ? ਦੇਖਣਾ!
ਚੌਦਾਂ ਏਕਮ ਚੌਦਾਂ ਚੌਦਾਂ ਦੂਣਾ ਅਠਾਈ।
ਸਭ ਦਾ ਭਲਾ ਸੋਚੋ ਬੱਚਿਓ ਸੋਚੋ ਨਾ ਬੁਰਾਈ।
ਸੱਚ ਬੋਲਣ ਦੀ ਮਹਾਨਤਾ ਪਹਾੜੇ ਰਾਹੀਂ ਕਿਵੇਂ ਦੱਸੀ ਹੈ?
ਅਠਾਰਾਂ ਪਾਂਜਾ ਨੱਬੇ ਅਠਾਰਾਂ ਛੀਕਾ ਇੱਕ ਸੌ ਅੱਠ।

ਸੱਚ ਦਾ ਜਿੱਥੇ ਪਹਿਰਾ ਹੋਵੇ ਝੂਠ ਜਾਵੇ ਉਥੋਂ ਨੱਠ।

ਇਸੇ ਤਰ੍ਹਾਂ ਹੋਰ ਚੰਗੀਆਂ– ਚੰਗੀਆਂ ਸਿੱਖਿਆਵਾਂ ਨੂੰ ਇਹਨਾਂ ਪਹਾੜਿਆਂ ਵਿੱਚ ਕਲਾਤਮਕ ਰੂਪ ਰਾਹੀਂ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਵਾਤਾਵਰਣ ਦੀ ਸੰਭਾਲ, ਦੇਸ਼ ਪਿਆਰ, ਨਿੱਘੇ ਸੁਭਾਅ ਆਦਿ ਹੋਰ ਬਹੁਤ ਸਾਰੀਆਂ ਸਿੱਖਿਆਵਾਂ ਜੋ ਸੁਭਾਵਿਕ ਹੀ ਬੱਚਿਆਂ ਨੂੰ ਦਿੱਤੀਆਂ ਜਾ ਸਕਦੀਆਂ ਹਨ ਉਹ ਸਾਰੀਆਂ ਇਹਨਾਂ 'ਕਾਵਿ ਪਹਾੜਿਆਂ' ਵਿੱਚ ਸ਼ਾਮਲ ਕੀਤੀਆਂ ਹਨ। ਜਿਹੜੀਆਂ ਰਹਿ ਗਈਆਂ ਹਨ ਉਹ ਬਾਲ ਕਵਿਤਾਵਾਂ ਅਤੇ ਬਾਲ ਗੀਤਾਂ ਵਿੱਚ ਲਿਆਉਣ ਦਾ ਯਤਨ ਕੀਤਾ ਹੈ।

''ਬੀਬਾ ਰਾਣਾ'' ਕਵਿਤਾ ਵਿੱਚ ਚੰਗੇ ਬੱਚੇ ਦੇ ਗੁਣਾਂ ਦੀ ਗੱਲ ਕੀਤੀ ਹੈ। ਪੜ੍ਹਾਈ ਦੇ ਨਾਲ ਖੇਡਾਂ ਦਾ ਵੀ ਮਹੱਤਵ ਹੈ ਉਹ ''ਪੜ੍ਹਾਈ ਨਾਲ ਖੇਡਾਂ, ਵਾਲੇ ਗੀਤ ਰਾਹੀਂ ਦੱਸਿਆ ਹੈ। ''ਸਵੇਰ ਦੀ ਸੈਰ' ਗੀਤ ਰਾਹੀਂ ਸਵੇਰ ਦੀ ਸੈਚ ਦੇ ਲਾਭ ਦੱਸੇ ਹਨ। ਸਮੇਂ ਦਾ ਮਹੱਤਵ ''ਸਮੇਂ ਸਿਰ ਸਕੂਲੇ'' ਵਾਲੇ ਗੀਤ ਰਾਹੀਂ ਦੱਸਣ ਦੀ ਕੋਸ਼ਿਸ਼ ਕੀਤੀ ਹੈ। ''ਦੇਸ਼ ਦੀ ਭਲਾਈ'' ਵਾਲਾ ਬਾਲ ਗੀਤ ਦੇਸ਼ ਪਿਆਰ ਵਿੱਚ ਪੂਰੀ ਤਰ੍ਹਾਂ ਗੜੁਚ ਹੈ। ਨਕਲ ਕਿਵੇਂ ਜ਼ਿੰਦਗੀ ਬਰਬਾਦ ਕਰਦੀ ਹੈ? ''ਭੈੜੀ ਨਕਲ ਦਾ'' ਬਾਲ ਗੀਤ ਰਾਹੀਂ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਮਿਹਨਤ ਬਿਨਾਂ ਕੋਈ ਵੀ ਕਾਮਯਾਬੀ ਨਹੀਂ ਮਿਲਦੀ ਇਸ ਸਿੱਖਿਆ ਨੂੰ ''ਕਰੜੀ ਮਿਹਨਤ'' ਵਾਲੇ ਬਾਲ ਗੀਤ ਰਾਹੀਂ ਦੱਸਿਆ ਹੈ। ਕਹਿਣ ਤੋਂ ਭਾਵ ਸਮੁੱਚੀ ਪੁਸਤਕ ਵਿੱਚ ਬੱਚਿਆਂ ਲਈ ਜਿੰਨੀਆਂ ਚੰਗੀਆਂ ਗੱਲਾਂ ਜਾਂ ਸਿੱਖਿਆਵਾਂ ਦੇ ਸਕਦਾ ਸੀ ਉਹ ਦਿੱਤੀਆਂ ਹਨ। ਪਰ ਫਿਰ ਵੀ ਹਰ ਖੇਤਰ ਬੜਾ ਵਿਸ਼ਾਲ ਹੈ। ਕਮੀਆਂ ਪੇਸ਼ੀਆਂ ਜ਼ਰੂਰ ਰਹਿ ਗਈਆਂ ਹੋਣਗੀਆਂ ਪਾਠਕਾਂ ਦੇ ਸੁਝਾਵਾਂ ਨੂੰ ਖਿੜੇ ਮੱਥੇ ਕਬੂਲ ਕਰਾਂਗਾ। ਤਾਂ ਕਿ ਆਉਣ ਵਾਲੇ ਸਮੇਂ ਕੁਝ ਚੰਗਾ ਲਿਖ ਸਕਾਂ।

–ਅਮਰੀਕ ਸਿੰਘ ਤਲਵੰਡੀ


ਸਟੇਟ ਅਤੇ ਨੈਸ਼ਨਲ ਐਵਾਰਡੀ

ਗਿੱਲ ਨਗਰ, ਗਲੀ ਨੰ. **13**, ਮੁੱਲਾਂਪੁਰ ਦਾਖਾ, ਲੁਧਿਆਣਾ।

0161-2879802

ਦੂਣੀ ਦਾ ਪਹਾੜਾ

ਇੱਕ ਦੂਣੀ ਦੂਣੀ,
ਦੋ ਦੂਣੀ ਚਾਰ।
ਵੱਡਿਆਂ ਦਾ ਸਤਿਕਾਰ ਕਰੋ,
ਛੋਟਿਆਂ ਨਾਲ਼ ਪਿਆਰ।
ਤਿੰਨ ਦੂਣੀ ਛੇ,
ਚਾਰ ਦੂਣੀ ਅੱਠ।
ਸਭ ਸਿਆਣੇ ਇਹੀ ਕਹਿੰਦੇ,
ਏਕਾ ਲੋਹੇ ਦੀ ਲੱਠ।
ਪੰਜ ਦੂਣੀ ਦਸ,
ਛੇ ਦੂਣੀ ਬਾਰਾਂ।
ਕਰਕੇ ਆਪਾਂ ਖੂਬ ਪੜ੍ਹਾਈ,
ਲੁੱਟੀਏ ਮੌਜ਼ ਬਹਾਰਾਂ।
ਸੱਤ ਦੂਣੀ ਚੌਦਾਂ,
ਅੱਠ ਦੂਣੀ ਸੋਲ੍ਹਾਂ।
ਗੰਦੇ ਸ਼ਬਦ ਜ਼ਬਾਨ ਦੇ ਉਤੋਂ,
ਕਦੀ ਨਾ ਮੈਂ ਬੋਲਾਂ।
ਨੌਂ ਦੂਣੀ ਅਠਾਰਾਂ,
ਦਸ ਦੂਣਾ ਵੀਹ।
'ਅਮਰੀਕ ਤਲਵੰਡੀ' ਜਦੋਂ ਪੜ੍ਹਾਵੇ,
ਬੜਾ ਹੀ ਲੱਗਦਾ ਜੀਅ।


ਇੱਕ ਦੂਣੀ ਦੂਣੀ,
ਦੋ ਦੂਣੀ ਚਾਰ।
ਵੱਡਿਆਂ ਦਾ ਸਤਿਕਾਰ ਕਰੋ,
ਛੋਟਿਆਂ ਨਾਲ਼ ਪਿਆਰ।
ਤਿੰਨ ਦੂਣੀ ਛੇ,
ਚਾਰ ਦੂਣੀ ਅੱਠ।
ਸਭ ਸਿਆਣੇ ਇਹੀ ਕਹਿੰਦੇ,
ਏਕਾ ਲੋਹੇ ਦੀ ਲੱਠ।
ਪੰਜ ਦੂਣੀ ਦਸ,
ਛੇ ਦੂਣੀ ਬਾਰਾਂ।
ਕਰਕੇ ਆਪਾਂ ਖੂਬ ਪੜ੍ਹਾਈ,
ਲੁੱਟੀਏ ਮੌਜ਼ ਬਹਾਰਾਂ।
ਸੱਤ ਦੂਣੀ ਚੌਦਾਂ,
ਅੱਠ ਦੂਣੀ ਸੋਲ੍ਹਾਂ।
ਗੰਦੇ ਸ਼ਬਦ ਜ਼ਬਾਨ ਦੇ ਉਤੋਂ,
ਕਦੀ ਨਾ ਮੈਂ ਬੋਲਾਂ।
ਨੌਂ ਦੂਣੀ ਅਠਾਰਾਂ,
ਦਸ ਦੂਣਾ ਵੀਹ।
'ਅਮਰੀਕ ਤਲਵੰਡੀ' ਜਦੋਂ ਪੜ੍ਹਾਵੇ,
ਬੜਾ ਹੀ ਲੱਗਦਾ ਜੀਅ।

ਤੀਏ ਦਾ ਪਹਾੜਾ

ਇੱਕ ਤੀਆ ਤੀਆ,
ਦੋ ਤੀਏ ਛੇ।
ਝੂਠ ਕਦੇ ਨਾ ਬੋਲੋ ਬੱਚੋ,
ਝੂਠੇ ਦੇ ਸਿਰ ਖੇਹ।
ਤਿੰਨ ਤੀਏ ਨੌਂ,
ਚਾਰ ਤੀਏ ਬਾਰਾਂ।
ਸੋਹਣੇ ਭਾਰਤ ਦੇਸ਼ ਦੇ ਉਤੋਂ,
ਜ਼ਿੰਦੜੀ ਆਪਣੀ ਵਾਰਾਂ।
ਪੰਜ ਤੀਏ ਪੰਦਰਾਂ,
ਛੇ ਤੀਏ ਅਠਾਰਾਂ।
ਨਾ ਕਿਸੇ ਤੋਂ ਮਾਰ ਮੈਂ ਖਾਵਾਂ,
ਨਾ ਕਿਸੇ ਨੂੰ ਮਾਰਾਂ।
ਸੱਤ ਤੀਆ ਇੱਕੀ,
ਅੱਠ ਤੀਆ ਚੌਵੀ।
ਉਹੀ ਬੱਚੇ ਪਾਸ ਨੇ ਹੁੰਦੇ,
ਮਿਹਨਤ ਕਰਦੇ ਜੋ ਵੀ।
ਨੌਂ ਤੀਆ ਸਤਾਈ,
ਦਸ ਤੀਆ ਤੀਹ।
ਘਰ ਦਾ ਕੰਮ ਨਬੇੜ ਕੇ ਜਾਈਏ,
ਸਕੂਲ 'ਚ ਲਗਦਾ ਜੀਅ।

ਚੌਕੇ ਦਾ ਪਹਾੜਾ

ਇੱਕ ਚੌਕਾ ਚੌਕਾ,
ਦੋ ਚੌਕੇ ਅੱਠ।
ਕਦੀ ਬੱਚਿਓ ਚੰਗੀ ਨਹੀਂ,
ਬਹੁਤੀ ਕਰਨੀ ਹੱਠ।
ਤਿੰਨ ਚੌਕੇ ਬਾਰ੍ਹਾਂ,
ਚਾਰ ਚੌਕੇ ਸੌਲ੍ਹਾਂ।
ਪੁੱਛੇ ਬਿਨ ਬਗਾਨਾ ਬਸਤਾ,
ਕਦੀ ਨਾ ਮੈਂ ਫੋਲ੍ਹਾਂ।
ਪੰਜ ਚੌਕੇ ਵੀਹ,
ਛੇ ਚੌਕੇ ਚੌਵੀ।
ਉਹੀ ਨੰਬਰ ਚੰਗੇ ਲੈਂਦੇ,
ਮਿਹਨਤ ਕਰਦੇ ਜੋ ਵੀ।
ਸਤ ਚੌਕਾ ਅਠਾਈ,
ਅੱਠ ਚੌਕਾ ਬੱਤੀ।
ਵਾਧੂ-ਘਾਟੂ ਖਾਣ ਦੇ ਨਾਲ਼,
ਰੋਗ ਲੱਗਦੇ ਛੱਤੀ।
ਨੌਂ ਚੌਕਾ ਛੱਤੀ,
ਦਸ ਚੌਕਾ ਚਾਲ਼ੀ।
'ਅਮਰੀਕ ਤਲਵੰਡੀ' ਕਹਿੰਦਾ,
ਕਦੀ ਨਾ ਕਰੋ ਕਾਹਲ਼ੀ।

ਪਾਂਜੇ ਦਾ ਪਹਾੜਾ

ਇੱਕ ਪਾਂਜਾ ਪਾਂਜਾ,
ਦੋ ਪਾਂਜੇ ਦਸ।
ਚੰਗੇ ਦੀ ਚੰਗਿਆਈ ਦਾ,
ਜੱਗ ਗਾਉਂਦਾ ਏ ਜਸ।
ਤਿੰਨ ਪਾਂਜੇ ਪੰਦਰਾਂ,
ਚਾਰ ਪਾਂਜੇ ਵੀਹ।
ਸ਼ੌਕ ਦੇ ਨਾਲ ਕਰੋ ਪੜ੍ਹਾਈ,
ਲਾਕੇ ਆਪਣਾ ਜੀਅ।
ਪੰਜੂ ਪਾਂਜਾ ਪੱਚੀ,
ਛੇ ਪਾਂਜਾ ਤੀਹ
ਵਿਹਲੇ ਫਿਰਨ ਦੇ ਨਾਲ,
ਦੱਸੋ ਪੱਲੇ ਪੈਂਦਾ ਕੀ।
ਸੱਤ ਪਾਂਜਾ ਪੈਂਤੀ,
ਅੱਠੂ ਪਾਂਜਾ ਚਾਲ਼ੀ।
ਅਸੀਂ ਸਾਰੇ ਬਾਗ ਦੇ ਬੂਟੇ,
ਮਾਸਟਰ ਸਾਡੇ ਮਾਲੀ।
ਨੌਂ ਪਾਂਜਾ ਪੰਣਤਾਲ਼ੀ,
ਦਸ ਪਾਂਜਾ ਪੰਜਾਹ।
'ਅਮਰੀਕ ਤਲਵੰਡੀ' ਦਸਦਾ ਰਹਿੰਦਾ,
ਚੰਗੇ ਜਿਹੜੇ ਰਾਹ।

ਛੀਕੇ ਦਾ ਪਹਾੜਾ

ਇੱਕ ਛੀਕਾ ਛੀਕਾ,
ਦੋ ਛੀਕਾ ਬਾਰ੍ਹਾਂ।
ਨਾ ਕਿਸੇ ਨੂੰ ਮੰਦਾ ਬੋਲਾਂ,
ਨਾ ਕਿਸੇ ਨੂੰ ਮਾਰਾਂ।
ਤਿੰਨ ਛੀਕਾ ਅਠਾਰਾਂ,
ਚਾਰ ਛੀਕਾ ਚੌਵੀ।
ਫ਼ਲ਼ ਮਿਲੇਗਾ ਉਹੀ ਸਾਨੂੰ,
ਬੀਜਾਂਗੇ ਅਸਾਂ ਜੋ ਵੀ।
ਪੰਜ ਛੀਕਾ ਤੀਹ,
ਛੇ ਛੀਕਾ ਛੱਤੀ।
ਠੰਢੀ ਚੀਜ਼ ਦੇ ਉੱਤੋਂ ਤੁਸੀਂ,
ਕਦੀ ਨਾ ਖਾਓ ਤੱਤੀ।
ਸੱਤ ਛੀਕਾ ਬਿਆਲ਼ੀ,
ਅੱਠ ਛੀਕਾ ਅਠਤਾਲ਼ੀ।
ਕਿਤਾਬਾਂ ਨੂੰ ਜੋ ਪਿਆਰ ਨ੍ਹੀਂ ਕਰਦੇ,
ਝੋਲ਼ੀ ਉਨ੍ਹਾਂ ਦੀ ਖਾਲੀ।
ਨੌਂ ਛੀਕਾ ਚਰਵੰਜਾ,
ਦਸ ਛੀਕਾ ਸੱਠ।
ਇਮਤਿਹਾਨ ਦੇ ਨੇੜੇ ਆਕੇ,
ਕੀ ਕਰੂ ਭੱਜ-ਨੱਠ।

ਸਾਤੇ ਦਾ ਪਹਾੜਾ

ਇੱਕ ਸਾਤਾ ਸਾਤਾ,
ਦੋ ਸਾਤੇ ਚੌਦਾਂ।
ਪਿਆਰ ਦੇ ਨਾਲ਼ ਖੇਡੋ ਸਾਰੇ,
ਕਦੇ ਨਾ ਪਾਓ ਰੌਂਦਾ।
ਤਿੰਨ ਸਾਤਾ ਇੱਕੀ,
ਚਾਰ ਸਾਤਾ ਅਠਾਈ।
ਇਹੀ ਉਮਰ ਪੜ੍ਹਨੇ ਦੀ,
ਦੱਬਕੇ ਕਰੋ ਪੜ੍ਹਾਈ।
ਪੰਜ ਸਾਤਾ ਪੈਂਤੀ,
ਛੇ ਸਾਤਾ ਬਿਆਲ਼ੀ।
ਜਿਹੜੇ ਬੱਚੇ ਸ਼ਰਾਰਤੀ ਨੇ,
ਜ਼ਿੰਦਗੀ ਜਾਵਣ ਗਾਲ਼ੀ।
ਸਾਤੋ ਸਾਤੀ ਉਣੰਜਾ,
ਅੱਠੂ ਸਾਤ ਛਪੰਜਾ।
ਉਹ ਬੱਚੇ ਪਿੱਛੇ ਰਹਿੰਦੇ,
ਮੱਲਣ ਸਦਾ ਜੋ ਮੰਜਾ।
ਨੌਂ ਸਾਤਾ ਤਰ੍ਹੇਠ,
ਦਸ ਸਾਤਾ ਸੱਤਰ।
ਵਿਦਿਆ ਹੀ ਬਣਾਵੇ ਸਾਨੂੰ,
ਚੁਸਤ ਅਤੇ ਚਤਰ।

ਆਠੇ ਦਾ ਪਹਾੜਾ

ਇੱਕ ਆਠਾ ਆਠਾ,
ਦੋ ਆਠੇ ਸੋਲ੍ਹਾਂ।
ਲੂਲ੍ਹੇ ਲੰਗੜੇ ਬੱਚਿਆਂ ਨੂੰ,
ਕਦੇ ਨਾ ਕਰੋ ਮਖੌਲ਼ਾਂ।
ਤਿੰਨ ਆਠਾ ਚੌਵੀ,
ਚਾਰ ਆਠਾ ਬੱਤੀ।
ਕਲਮ ਫੱਟੀ ਦੀ ਵਰਤੋਂ ਨਾਲ਼,
ਲਿਖਾਈ ਹੋਵੇ ਖੁਸ਼ਕੱਤੀ।
ਪੰਜ ਆਠਾ ਚਾਲ਼ੀ,
ਛੇ ਆਠਾ ਅਠਤਾਲ਼ੀ।
ਕਿਤਾਬਾਂ ਨਾਲ ਪਿਆਰ ਜੋ ਕਰਦੇ,
ਵਿੱਦਿਆ ਆਵੇ ਬਾਹਲ਼ੀ।
ਸੱਤੂ ਆਠ ਛਪੰਜਾ,
ਆਠੋ ਆਠੀ ਚੌਂਹਠ।
ਜੀਭ ਤੁਹਾਡੀ ਸ਼ਹਿਦ ਵੰਡੇ,
ਹਾਸੇ ਵੰਡਣ ਹੋਂਠ।
ਨੌਂ ਆਠਾ ਬਹੱਤਰ,
ਦਸ ਆਠਾ ਅੱਸੀ।
ਸਵੇਰੇ ਦੀ ਸੈਰ ਬੜੀ ਜ਼ਰੂਰੀ,
'ਤਲਵੰਡੀ' ਨੇ ਗੱਲ ਦੱਸੀ।

ਨਾਏਂ ਦਾ ਪਹਾੜਾ

ਇੱਕ ਨਾਇਆਂ ਨਾਇਆਂ,
ਦੋ ਨਾਏਂ ਅਠਾਰਾਂ।
ਮਿਹਨਤ ਕਰਕੇ ਪਾਸ ਮੈਂ ਹੋਵਾਂ,
ਨਕਲ ਕਦੀ ਨਾ ਮਾਰਾਂ।
ਤਿੰਨ ਨਾਇਆਂ ਸਤਾਈ,
ਚਾਰ ਨਾਇਆਂ ਛੱਤੀ।
ਵਿੱਦਿਆ ਚਾਨਣ ਏਦਾਂ ਵੰਡਦੀ,
ਜਿਉਂ ਦੀਵੇ ਦੀ ਬੱਤੀ।
ਪੰਜ ਨਾਇਆਂ ਪਣਤਾਲੀ,
ਛੇ ਨਾਇਆਂ ਚਰਵੰਜਾ।
ਦਾਤਣ ਕੁਰਲੀ ਨਹਾਉਣ ਤੋਂ ਪਿੱਛੋਂ,
ਸਿਰ ਵਿੱਚ ਫੇਰੋ ਕੰਘਾ।
ਸੱਤ ਨਾਇਆਂ ਤਰੇਹਟ,
ਅੱਠ ਨਾਇਆਂ ਬਹੱਤਰ।
ਪੜ੍ਹਾਈ ਨਾਲ ਹੀ ਪੜ੍ਹਨੇ ਆਉਂਦੇ,
ਸਾਰੇ ਚਿੱਠੀ-ਪੱਤਰ।
ਨੌਂ ਨਾਇਆਂ ਇਕਾਸੀ,
ਦਸ ਨਾਇਆਂ ਨੱਬੇ।
ਅਮਰੀਕ ਤਲਵੰਡੀ ਦੱਸਦਾ ਰਹਿੰਦਾ,
ਸਦਾ ਹੀ ਚੱਲੋ ਖੱਬੇ।

ਦਾਹੇ ਦਾ ਪਹਾੜਾ

ਇੱਕ ਦਾਹਾ ਦਾਹਾ,
ਦੋ ਦਾਹੇ ਵੀਹ।
ਅਨਪੜ੍ਹ ਬੰਦਾ ਪਸ਼ੂ ਸਮਾਨ,
ਦੱਸੋ ਕਰੂਗਾ ਕੀ।
ਤਿੰਨ ਦਾਹਾ ਤੀਹ,
ਚਾਰ ਦਾਹਾ ਚਾਲ਼ੀ।
ਵਿੱਦਿਆ ਹੀ ਬਣਾਵੇ ਸਦਾ,
ਬੰਦੇ ਦੀ ਸ਼ਾਨ ਨਿਰਾਲੀ।
ਪੰਜ ਦਾਹਾ ਪੰਜਾਹ,
ਛੇ ਦਾਹਾ ਸੱਠ।
ਦੁੱਖੀ ਗਰੀਬ ਦੀ ਮਦਦ ਕਰਕੇ,
ਜੱਸ ਲਓ ਤੁਸੀਂ ਖੱਟ।
ਸੱਤ ਦਾਹਾ ਸੱਤਰ,
ਅੱਠ ਦਾਹਾ ਅੱਸੀ।
ਸੇਵਾ ਨੂੰ ਹੀ ਮੇਵਾ ਲਗਦਾ,
‘ਤਲਵੰਡੀ’ ਨੇ ਗੱਲ ਦੱਸੀ।
ਨੌਂ ਦਾਹਾ ਨੱਬੇ,
ਦਾਹੋ ਦਾਹੀ ਸੌ।
ਗੁਰੂ ਦਾ ਦਰਜ਼ਾ ਬਹੁਤ ਉੱਚਾ,
ਚਰਨ ਲਈਏ ਛੋਹ।

ਗਿਆਰਾਂ ਦਾ ਪਹਾੜਾ

ਗਿਆਰਾਂ ਏਕਮ ਗਿਆਰਾਂ,
ਗਿਆਰਾਂ ਦੂਣਾ ਬਾਈ।
ਰੋਗਾਂ ਤੋਂ ਜੇ ਬਚਣਾ ਬੱਚਿਓ,
ਰੱਖੋ ਸਦਾ ਸਫ਼ਾਈ।
ਗਿਆਰਾਂ ਤੀਆਂ ਤੇਤੀ,
ਗਿਆਰਾਂ ਚੌਕ ਚੁਤਾਲ਼ੀ।
ਚੰਗੇ ਖਿਡਾਰੀ ਉਹੀ ਬਣਦੇ,
ਜਿਨ੍ਹਾਂ ਸਿਹਤ ਸੰਭਾਲ਼ੀ।
ਗਿਆਰਾਂ ਪੰਜ ਪਚਵੰਜਾ,
ਗਿਆਰਾਂ ਛੀਕ ਛਿਆਹਠ।
ਹਿੰਮਤੀ ਬੱਚੇ ਵੱਡੇ ਹੋ ਕੇ,
ਜ਼ਿੰਦਗੀ 'ਚ ਲੈਂਦੇ ਠਾਠ।
ਗਿਆਰਾਂ ਸਾਤ ਸਤੱਤਰ,
ਗਿਆਰਾਂ ਆਠ ਅਠਾਸੀ।
ਤਾਜ਼ੀ ਵਸਤ ਖਾਓ ਬੱਚਿਓ,
ਕਦੀ ਨਾ ਖਾਓ ਬਾਸੀ।
ਗਿਆਰਾਂ ਨਾਮ ਨੜਿੱਨਵੇਂ,
ਗਿਆਰਾਂ ਦਾਸਾ ਇੱਕ ਸੌ ਦਸ।
ਗੱਲ ਅਮਰੀਕ ਦੀ ਪੱਲੇ ਪਾ ਲੋ,
ਚਾਹੁੰਦੇ ਹੋ ਜੇ ਜੱਸ।

ਬਾਰਾਂ ਦਾ ਪਹਾੜਾ

ਬਾਰਾਂ ਏਕਮ ਬਾਰਾਂ,
ਬਾਰਾਂ ਦੂਣਾ ਚੌਵੀ।
ਉਹੀ ਚੰਗੀਆਂ ਮੱਲਾਂ ਮਾਰਨ,
ਮਿਹਨਤ ਕਰਨ ਜੋ ਵੀ।
ਬਾਰਾਂ ਤੀਏ ਛੱਤੀ,
ਬਾਰਾਂ ਚੌਕ ਅਠਤਾਲ਼ੀ।
ਸਾਫ਼-ਸੁਥਰੇ ਬੱਚਿਆਂ ਦੀ,
ਹੁੰਦੀ ਸ਼ਾਨ ਨਿਰਾਲ਼ੀ।
ਬਾਰਾਂ ਪਾਂਜਾ ਸੱਠ,
ਬਾਰਾਂ ਛੀਕ ਬਹੱਤਰ।
ਔਖੇ ਵੇਲੇ ਕੰਮ ਨੇ ਆਉਂਦੇ,
ਚੰਗੇ ਜਿਹੜੇ ਮਿੱਤਰ।
ਬਾਰਾਂ ਸਾਤ ਚੁਰਾਸੀ,
ਬਾਰਾਂ ਆਠ ਛਿਆਨਵੇਂ।
ਮਿੱਠੀ ਬੋਲੀ ਬੋਲੋ ਬੱਚਿਓ,
ਬੋਲ ਨਾ ਬੋਲੋ ਵਿੰਨ੍ਹਵੇਂ।
ਬਾਰਾਂ ਨਾਇਆਂ ਇੱਕ ਸੌ ਅੱਠ,
ਬਾਰਾਂ ਦਾਸਾ ਇੱਕ ਸੌ ਵੀਹ।
'ਅਮਰੀਕ' ਤਾਂ ਸਾਨੂੰ ਇੰਜ ਪੜ੍ਹਾਵੇ,
ਜਿੱਦਾਂ ਘਰ ਦੇ ਹੋਈਏ ਜੀਅ।

ਤੇਰਾਂ ਦਾ ਪਹਾੜਾ

ਤੇਰਾਂ ਏਕਮ ਤੇਰਾਂ,
ਤੇਰਾਂ ਦੂਣਾ ਛੱਬੀ।
ਬਿਨਾਂ ਮਿਹਨਤ ਸਫਲਤਾ,
ਅਜੇ ਤੱਕ ਨਾ ਲੱਭੀ।
ਤੇਰਾਂ ਤੀਏ ਉਣਤਾਲ਼ੀ,
ਤੇਰਾਂ ਚੌਕ ਬਵੰਜਾ।
ਸੁਸਤੀ ਤੋਂ ਜੇ ਬਚਣਾ ਚਾਹੁੰਦੇ,
ਦਿਨੇ ਮੱਲੋ ਨਾ ਮੰਜਾ।
ਤੇਰਾਂ ਪਾਂਜਾ ਪੈਂਹਠ,
ਤੇਰਾਂ ਛੀਕੇ ਅਠੱਤਰ।
ਚੰਗੀਆਂ ਗੱਲਾਂ ਕਾਪੀ ਦੇ ਵਿਚ,
ਕਰੋ ਤੁਸੀਂ ਇਕੱਤਰ।
ਤੇਰਾਂ ਸਾਤਾ ਇਕਾਨਵੇਂ,
ਤੇਰਾਂ ਆਠਾ ਇੱਕ ਸੌ ਚਾਰ।
ਹੁਸ਼ਿਆਰ ਬੱਚੇ ਮੱਲੋ-ਮੱਲੀ,
ਸਭ ਤੋਂ ਲੈਣ ਪਿਆਰ।
ਤੇਰਾਂ ਨਾਇਆਂ ਇੱਕ ਸੌ ਸਤਾਰਾਂ,
ਤੇਰਾਂ ਦਾਹਿਆ ਇੱਕ ਸੌ ਤੀਹ।
'ਅਮਰੀਕ ਤਲਵੰਡੀ' ਦੱਸਦਾ ਰਹਿੰਦਾ,
ਬੱਚਿਓ ਗੁੱਸਾ ਜਾਵੋ ਪੀ।

ਚੌਦਾਂ ਦਾ ਪਹਾੜਾ

ਚੌਦਾਂ ਏਕਮ ਚੌਦਾਂ,
ਚੌਦਾਂ ਦੂਣਾ ਅਠਾਈ।
ਸਭ ਦਾ ਭਲਾ ਸੋਚੋ ਬੱਚਿਓ,
ਸੋਚੋ ਨਾ ਬੁਰਾਈ।
ਚੌਦਾਂ ਤੀਏ ਬਿਆਲ਼ੀ,
ਚੌਦਾਂ ਚੌਕ ਛਪੰਜਾ।
ਵੱਡਿਆਂ ਦੇ ਜੋ ਆਖੇ ਲੱਗੇ,
ਉਹੀ ਬੱਚਾ ਚੰਗਾ।
ਚੌਦਾਂ ਪਾਂਜਾ ਸੱਤਰ,
ਚੌਦਾਂ ਛੀਕ ਚੁਰਾਸੀ।
ਹੱਸਦੇ ਬੱਚੇ ਸੋਹਣੇ ਲੱਗਦੇ,
ਚੰਗੀ ਨਹੀਉਂ ਉਦਾਸੀ।
ਚੌਦਾਂ ਸਾਤਾ ਅਠੰਨਵੇਂ,
ਚੌਦਾਂ ਆਠੇ ਇੱਕ ਸੌ ਬਾਰਾਂ।
ਹਿੰਮਤੀ ਬੱਚਿਆਂ ਕੋਲੋ ਹਮੇਸ਼ਾ,
ਦੂਰ ਰਹਿੰਦੀਆਂ ਹਾਰਾਂ।
ਚੌਦਾਂ ਨਾਇਆਂ ਇੱਕ ਸੌ ਛੱਬੀ,
ਚੌਦਾਂ ਦਾਸਾ ਇੱਕ ਸੌ ਚਾਲ਼ੀ।
ਆਖੇ ਅਮਰੀਕ ਰਲ਼ ਲਿਆਈਏ,
ਦੇਸ਼ ਦੇ ਵਿਚ ਖੁਸ਼ਹਾਲੀ।

ਪੰਦਰਾਂ ਦਾ ਪਹਾੜਾ

ਪੰਦਰਾਂ ਏਕਮ ਪੰਦਰਾਂ,
ਪੰਦਰਾਂ ਦੂਣਾ ਤੀਹ।
ਜਿੰਨ੍ਹਾਂ ਨੇ ਕੁਝ ਬਣਨਾ ਹੈ,
ਪੜ੍ਹਾਈ 'ਚ ਲਾਉਂਦੇ ਜੀਅ।
ਪੰਦਰਾਂ ਤੀਏ ਪਣਤਾਲੀ,
ਪੰਦਰਾਂ ਚੌਕੇ ਸੱਠ।
ਆਗਿਆਕਾਰੀ ਬੱਚੇ ਜਾਂਦੇ,
ਜ਼ਿੰਦਗੀ ਦੇ ਵਿੱਚ ਖੱਟ।
ਪੰਦਰਾਂ ਪਾਂਜ ਪਝੱਤਰ,
ਪੰਦਰਾਂ ਛੀਕੇ ਨੱਬੇ।
ਨਿੱਘਾ ਜੀਹਦਾ ਸੁਭਾਅ ਹੈ,
ਦੋਸਤ ਉਹਦੇ ਸੱਭੇ।□
ਪੰਦਰਾਂ ਸਾਤਾ ਇੱਕ ਸੌ ਪੰਜ,
ਪੰਦਰਾਂ ਆਠਾ ਇੱਕ ਸੌ ਵੀਹ।
ਭੁੱਖੇ ਪਿਆਸੇ ਦੀ ਸੇਵਾ ਕਰੋ,
ਨਾ ਤਰਸਾਓ ਕਿਸੇ ਦਾ ਜੀਅ।
ਪੰਦਰਾਂ ਨਾਏਂ ਇੱਕ ਸੌ ਪੈਂਤੀ,
ਪੰਦਰਾਂ ਦਾਸਾ ਇੱਕ ਸੌ ਪੰਜਾਹ।
ਆਖੇ ਅਮਰੀਕ ਕਰ ਪੜ੍ਹਾਈ,
ਜਾਵੋ ਦੁਨੀਆਂ ਦੇ ਵਿੱਚ ਛਾ।

ਸੋਲ੍ਹਾਂ ਦਾ ਪਹਾੜਾ

ਸੋਲ੍ਹਾਂ ਏਕਮ ਸੋਲ੍ਹਾਂ,
ਸੋਲ੍ਹਾਂ ਦੂਣਾ ਬੱਤੀ।
ਮਾਪਿਆਂ ਦੇ ਜੋ ਆਖੇ ਲਗਦੇ,
ਵਾ ਨਾ ਲਗਦੀ ਤੱਤੀ।
ਸੋਲ੍ਹਾਂ ਤੀਏ ਅਠਤਾਲ਼ੀ,
ਸੋਲ੍ਹਾਂ ਚੌਕੇ ਚੌਂਹਠ।
ਉਨਾਂ ਖਰਚ ਕਰੋ ਬੱਚਿਓ,
ਜਿੰਨੀ ਹੋਵੇ ਪਹੁੰਚ।
ਸੋਲ੍ਹਾਂ ਪਾਂਜਾ ਅੱਸੀ,
ਸੋਲ੍ਹਾਂ ਛੀਕ ਛਿਆਨਵੇਂ।
ਕਿਵੇਂ ਕਰੂ ਪੜ੍ਹਾਈ ਉਹ,
ਕਾਪੀ-ਕਿਤਾਬ ਜੀਹਦੇ ਮੰਗਵੇਂ।
ਸੋਲ੍ਹਾਂ ਸਾਤੇ ਇੱਕ ਸੌ ਬਾਰਾਂ,
ਸੋਲ੍ਹਾਂ ਆਠੇ ਇੱਕ ਸੌ ਅਠਾਈ।
ਦੁਨੀਆਂ ਉਹਨੂੰ ਚੰਗਾ ਆਖੇ,
ਜੋ ਕਰਦਾ ਹੈ ਚੰਗਿਆਈ।
ਸੋਲ੍ਹਾਂ ਨਾਏਂ ਇੱਕ ਸੌ ਚੁਤਾਲ਼ੀ,
ਸੋਲ੍ਹਾਂ ਦਾਸੇ ਇੱਕ ਸੌ ਸੱਠ।
ਆਖੇ 'ਅਮਰੀਕ' ਮੂਰਖ ਬੱਚੇ,
ਜਿਹੜੇ ਜਾਣ ਸਕੂਲੋਂ ਨੱਠ।

ਸਤਾਰਾਂ ਦਾ ਪਹਾੜਾ

ਸਤਾਰਾਂ ਏਕਮ ਸਤਾਰਾਂ,
ਸਤਾਰਾਂ ਦੂਣਾ ਚੌਂਤੀ।
ਸਮਾਂ ਅਜਾਈਂ ਗੁਆਉਂਦੇ ਨੇ,
ਫਿਰਨ ਦੇ ਜਿਹੜੇ ਸ਼ੌਂਕੀ।
ਸਤਾਰਾਂ ਤੀਏ ਇਕਵੰਜਾ,
ਸਤਾਰਾਂ ਚੌਕ ਅਠਾਹਠ।
ਸੰਤੁਲਤ ਭੋਜਨ ਖਾਂਦੇ ਜੋ,
ਸਰੀਰ 'ਚ ਨਾ ਆਵੇ ਘਾਟ।
ਸਤਾਰਾਂ ਪਾਂਜ ਪਚਾਸੀ,
ਸਤਾਰਾਂ ਛੀਕੇ ਇੱਕ ਸੌ ਦੋ।
ਕੋਈ ਸ਼ੈਅ ਖਾਣ ਤੋਂ ਪਹਿਲਾਂ,
ਲਈਏ ਹੱਥ ਆਪਣੇ ਧੋ।
ਸਤਾਰਾਂ ਸਾਤੇ ਇੱਕ ਸੌ ਉੱਨੀ,
ਸਤਾਰਾਂ ਆਠੇ ਇੱਕ ਸੌ ਛੱਤੀ।
ਝਗੜਾ ਸਦਾ ਪਾਈ ਰੱਖੇ,
ਜੀਹਦੀ ਹੁੰਦੀ ਜੀਭ ਕੁਪੱਤੀ।
ਸਤਾਰਾਂ ਨਾਏਂ ਇੱਕ ਸੌ ਤਰਵੰਜਾ,
ਸਤਾਰਾਂ ਦਾਸੇ ਇੱਕ ਸੌ ਸੱਤਰ।
ਆਖੇ 'ਅਮਰੀਕ' ਟਿਕਾਣੇ ਸੁੱਟੋ,
ਵਾਧੂ ਘਾਟੂ ਕਾਗਜ਼ ਪੱਤਰ।

ਅਠਾਰਾਂ ਦਾ ਪਹਾੜਾ

ਅਠਾਰਾਂ ਏਕਮ ਅਠਾਰਾਂ,
ਅਠਾਰਾਂ ਦੂਣਾ ਛੱਤੀ।
ਸਿਆਣੇ ਬੱਚੇ ਵੱਡੇ ਹੋਕੇ,
ਜ਼ਿੰਦਗੀ ਜਿਊਣ ਮਾਣਮੱਤੀ।
ਅਠਾਰਾਂ ਤੀਏ ਚਰਵੰਜਾ,
ਅਠਾਰਾਂ ਚੌਕ ਬਹੱਤਰ।
ਰਾਹ ਦੇ ਵਿੱਚੋਂ ਪਰ੍ਹੇ ਹਟਾਓ,
ਇੱਟਾਂ, ਰੋੜੇ, ਪੱਥਰ।
ਅਠਾਰਾਂ ਪਾਂਜਾ ਨੱਬੇ,
ਅਠਾਰਾਂ ਛੀਕੇ ਇੱਕ ਸੌ ਅੱਠ।
ਸੱਚ ਦਾ ਜਿੱਥੇ ਪਹਿਰਾ ਹੋਵੇ,
ਝੂਠ ਜਾਵੇ ਉਥੋਂ ਨੱਠ।
ਅਠਾਰਾਂ ਸਾਤਾ ਇੱਕ ਸੌ ਛੱਬੀ,
ਅਠਾਰਾਂ ਆਠਾ ਇੱਕ ਸੌ ਚੁਤਾਲ਼ੀ।
ਵਾਤਾਵਰਣ ਬਚਾਉਣਾ ਬੱਚਿਓ,
ਆਪਾਂ ਕਰਨੀ ਰਲ਼ ਰਖਵਾਲੀ।□
ਅਠਾਰਾਂ ਨਾਏਂ ਇੱਕ ਸੌ ਬਾਹਠ,
ਅਠਾਰਾਂ ਦਾਸਾ ਇੱਕ ਸੌ ਅੱਸੀ।
ਸਾਫ਼-ਸੁਥਰਾ ਸਮਾਜ ਬਣਾਉਣਾ,
'ਅਮਰੀਕ' ਤਲਵੰਡੀ ਨੇ ਗੱਲ ਦੱਸੀ।

ਉੱਨ੍ਹੀਂ ਦਾ ਪਹਾੜਾ

ਉੱਨ੍ਹੀਂ ਏਕਮ ਉੱਨ੍ਹੀਂ,
ਉੱਨ੍ਹੀਂ ਦੂਣਾ ਅਠੱਤੀ।
ਸਿੱਖਿਆ ਦੀ ਛੋਹ ਸੋਨਾ ਬਣਾਵੇ,
ਪਾਰਸ ਦੀ ਜਿਉਂ ਵੱਟੀ।
ਉੱਨ੍ਹੀਂ ਤੀਏ ਸਤਵੰਜਾ,
ਉੱਨ੍ਹੀਂ ਚੌਕ ਛਿਅੱਤਰ।
ਤਿੰਨੋਂ ਬੱਚਿਓ ਮਾੜੇ ਹੁੰਦੇ,
ਝੂਠ, ਫਰੇਬ ਤੇ ਮੱਕਰ।
ਉੱਨ੍ਹੀਂ ਪਾਂਜ ਪਚਾਨਵੇਂ,
ਉੱਨ੍ਹੀਂ ਛੀਕੇ ਇੱਕ ਸੌ ਚੌਦਾਂ।
ਉਨ੍ਹਾਂ ਨਾਲ ਕੋਈ ਨਾ ਖੇਡੇ,
ਜਿਹੜੇ ਪਾਉਂਦੇ ਬੱਚੇ ਰੌਂਦਾਂ।
ਉੱਨ੍ਹੀਂ ਸਾਤਾ ਇੱਕ ਸੌ ਤੇਤੀ,
ਉੱਨ੍ਹੀਂ ਆਠਾ ਇੱਕ ਸੌ ਬਵੰਜਾ।
ਗੱਦਿਆਂ ਨਾਲੋਂ ਚੰਗਾ ਬੱਚਿਓ,
ਸਿਹਤ ਲਈ ਸਖ਼ਤ ਮੰਜਾ।
ਉੱਨ੍ਹੀਂ ਨਾਇਆਂ ਇੱਕ ਸੌ ਇਕੱਤਰ,
ਉੱਨ੍ਹੀਂ ਦਾਸਾ ਇੱਕ ਸੌ ਨੱਬੇ।
'ਅਮਰੀਕ' ਆਖੇ ਲੜਨਾ ਛੱਡਕੇ,
ਬੱਚਿਓ ਰਲ਼ਕੇ ਖੇਡੋ ਸੱਭੇ।

ਵੀਹ ਦਾ ਪਹਾੜਾ

ਵੀਹ ਏਕਮ ਵੀਹ,
ਵੀਹ ਦੂਣਾ ਚਾਲ਼ੀ।
ਚੰਗੀ ਤਰ੍ਹਾਂ ਬਸਤਾ ਸਾਂਭੀਏ,
ਛੁੱਟੀ ਮਿਲਣ ਵਾਲ਼ੀ।
ਵੀਹ ਤੀਏ ਸੱਠ,
ਵੀਹ ਚੌਕਾ ਅੱਸੀ।
ਸਕੂਲੋਂ ਸਿੱਧੇ ਘਰ ਨੂੰ ਜਾਈਏ,
ਮਾਸਟਰਾਂ ਗੱਲ ਦੱਸੀ।
ਵੀਹ ਪਾਂਜਾ ਸੌ,
ਵੀਹ ਛੀਕਾ ਇੱਕ ਸੌ ਵੀਹ।
ਪੱਕੇ ਪੇਪਰ ਨੇੜੇ ਆਏ,
ਪੜ੍ਹੀਏ ਲਾ ਕੇ ਜੀਅ।
ਵੀਹ ਸਾਤਾ ਇੱਕ ਸੌ ਚਾਲ਼ੀ,
ਵੀਹ ਆਠਾ ਇੱਕ ਸੌ ਸੱਠ।
'ਕੱਲੇ-'ਕੱਲੇ ਹੋਕੇ ਪੜ੍ਹੀਏ,
ਕਰੀਏ ਨਾ ਆਪਾਂ 'ਕੱਠ।
ਵੀਹ ਨਾਂਇਆਂ ਇੱਕ ਸੌ ਅੱਸੀ,
ਵੀਹ ਦਾਸਾ ਦੋ ਸੌ।
ਕਵਿਤਾ ਵਿੱਚ ਪਹਾੜੇ ਲਿਖਕੇ,
'ਤਲਵੰਡੀ' ਮਨ ਲਿਆ ਏ ਮੋਹ।

ਮੈਂ ਹਾਂ ਬਾਲਕ ਬੀਬਾ ਰਾਣਾ

ਮੈਂ ਹਾਂ ਬਾਲਕ ਬੀਬਾ ਰਾਣਾ।
ਸਾਰੇ ਮੈਨੂੰ ਕਹਿਣ ਸਿਆਣਾ।

ਵੱਡਿਆਂ ਦਾ ਸਤਿਕਾਰ ਕਰਾਂ ਮੈਂ,
ਛੋਟਿਆਂ ਨਾਲ ਪਿਆਰ ਕਰਾਂ ਮੈਂ।



ਉਠਦਾ ਹਾਂ ਮੈਂ ਸੁਬਹ ਸਵੇਰੇ।
ਸੁਸਤੀ ਆਵੇ ਨਾ ਨੇੜੇ ਮੇਰੇ।

ਸੱਭ ਤੋਂ ਪਹਿਲਾਂ ਸੈਰ ਨੂੰ ਜਾਵਾਂ।
ਦਾਤਣ ਕੁਰਲੀ ਕਰ ਨਹਾਵਾਂ।

ਫਿਰ ਮੈਂ ਵਿੱਚ ਰਸੋਈ ਜਾਵਾਂ।
ਮੰਮੀ ਕੋਲ ਬਹਿ ਪਰੋਂਠੀ ਖਾਵਾਂ।

ਦੀਦੀ ਦੇਵੇ ਸਕੂਲ ਦੀ ਵਰਦੀ।
ਲੜਦੀ ਵੀ ਤੇ ਪਿਆਰ ਵੀ ਕਰਦੀ।

ਉਸਤੋਂ ਬਾਅਦ ਮੈਂ ਬਸਤਾ ਉਠਾਵਾਂ।
ਕੱਲੀ ਕੱਲੀ ਚੀਜ਼ ਵਿੱਚ ਪਾਵਾਂ।

ਫਿਰ ਮੈਂ ਆਪਣੀ ਸਾਈਕਲ ਚੁੱਕਾਂ।
ਰਾਹ ਦੇ ਵਿੱਚ ਮੈਂ ਕਿਤੇ ਨਾ ਰੁਕਾਂ।

ਸਮੇਂ ਸਿਰ ਸਕੂਲੇ ਜਾਵਾਂ।
ਪੜ੍ਹਾਈ ਉੱਤੇ ਜ਼ੋਰ ਮੈਂ ਲਾਵਾਂ।

''ਅਮਰੀਕ'' ਅੰਕਲ ਦਾ ਇਹੀ ਕਹਿਣਾ।
ਵਿਦਿਆ ਵਰਗਾ ਹੋਰ ਨਹੀਂ ਗਹਿਣਾ।

ਜਗ ਬਾਣੀ : 22-3-2003

ਨੀਤੂ ਗੀਤੂ ਤੁਸਾਂ ਅੱਜ

ਨੀਤੂ ਗੀਤੂ ਤੁਸਾਂ ਅੱਜ,
ਘਰ ਮੇਰੇ ਆਉਣਾ।
'ਕੱਠਿਆ ਨੇ ਰਲ਼,
ਜਨਮ ਦਿਨ ਹੈ ਮਨਾਉਣਾ

ਦੋਸਤ ਤੇ ਸਹੇਲੀਆਂ ਵੀ,
ਨਾਲ ਲੈ ਕੇ ਆਇਓ।
ਭੈਣਾਂ ਤੇ ਭਰਾਵਾਂ ਨੂੰ ਵੀ,
ਤੁਸੀਂ ਨਾ ਭੁਲਾਇਓ।
ਮੰਮੀ ਡੈਡੀ ਨੂੰ ਵੀ,
ਤੁਸਾਂ ਨਾਲ ਹੈ ਲਿਆਉਣਾ,
'ਕੱਠਿਆਂ ਨੇ ਰਲ਼.....।



ਸਰ ਮੈਡਮ ਸਾਰੇ,
ਕਹਿੰਦੇ ਜ਼ਰੂਰ ਆਵਾਂਗੇ।
ਤੇਰੇ ਕੋਲੋਂ ਚੰਗੀ ਜਿਹੀ,
ਮਠਿਆਈ ਖਾਵਾਂਗੇ।
ਮੈਂ ਕਿਹਾ ਜੋ ਆਖੋ,
ਓਹੀ ਹੈ ਖੁਆਉਣਾ।
'ਕੱਠਿਆਂ ਨੇ ਰਲ਼.....।

ਬਜ਼ਾਰ ਵਿੱਚੋਂ ਆਪਾਂ,
ਮੋਮਬੱਤੀਆਂ ਲਿਆਵਾਂਗੇ।
ਸੋਹਣਾ ਜਿਹਾ ਕੇਕ,
ਘਰ 'ਚ ਬਣਾਵਾਂਗੇ।
ਫੋਟੋ ਗਰਾਫਰ ਨਾਲ,
ਮੂਵੀ ਵਾਲ਼ਾ ਵੀ ਮੰਗਾਉਣਾ।
'ਕੱਠਿਆਂ ਨੇ ਰਲ਼.....।

ਸਾਰੇ ਰਲ ਬੇਲੀ,
ਭੰਗੜਾ ਵੀ ਪਾਵਾਂਗੇ।
ਕੁੜੀਆਂ ਨੂੰ ਆਪਾਂ,
ਗਿੱਧੇ 'ਚ ਨਚਾਵਾਂਗੇ।
''ਅਮਰੀਕ ਤਲਵੰਡੀ'' ਨੇ ਵੀ,
ਗਿਫਟ ਲੈ ਕੇ ਆਉਣਾ।
'ਕੱਠਿਆਂ ਨੇ ਰਲ਼.....।

ਅਜੀਤ ਅਖਬਾਰ: **31-10-1998**

ਦੀਵਾਲੀ ਨੂੰ ਪਟਾਕੇ

ਦੀਵਾਲੀ ਨੂੰ ਪਟਾਕੇ ਅਸੀਂ,
ਘੱਟ ਹੀ ਚਲਾਵਾਂਗੇ।
ਪਹਿਲਾਂ ਬੜਾ ਪ੍ਰਦੂਸ਼ਣ,
ਇਹਨੂੰ ਹੋਰ ਨਹੀਂ ਵਧਾਵਾਂਗੇ।

ਮਾਸਟਰ ਜੀ ਸਕੂਲੇ ਸਾਨੂੰ,
ਇਹ ਗੱਲ ਕਹਿੰਦੇ ਨੇ।
ਸ਼ੋਰ ਪ੍ਰਦੂਸ਼ਣ ਨਾਲ,
ਮਨ ਪਰੇਸ਼ਾਨ ਰਹਿੰਦੇ ਨੇ।
ਵੱਡਿਆਂ ਦੀ ਥਾਂ ਪਟਾਕੇ,
ਛੋਟੇ ਹੀ ਲਿਆਵਾਂਗੇ।
ਪਹਿਲਾਂ ਬੜਾ ਪ੍ਰਦੂਸ਼ਣ.....।



ਪਟਾਕਿਆਂ ਦੇ ਨਾਲ ਹਵਾ,
ਸ਼ੁਧ ਨਹੀਉਂ ਰਹਿੰਦੀ ਏ।
ਸਾਹ ਦੇ ਮਰੀਜ਼ਾਂ ਵਿੱਚ,
ਵਾਧਾ ਕਰ ਦਿੰਦੀ ਏ।
ਜਾਣ ਬੁਝ ਬੀਮਾਰੀਆਂ ਨੂੰ,
ਕੋਲ਼ ਨਹੀਂ ਬੁਲਾਵਾਂਗੇ।
ਪਹਿਲਾਂ ਬੜਾ ਪ੍ਰਦੂਸ਼ਣ.....।

ਪਟਾਕਿਆਂ ਨ ਹੱਥ ਪੈਰ,
ਕਈ ਥਾਂਈਂ ਸੜੇ ਨੇ।
ਅੱਗ ਦੀ ਭੇਟ ਕਈ,
ਘਰ ਬਾਰ ਚੜ੍ਹੇ ਨੇ।
ਹੱਥ 'ਚ ਪਟਾਕੇ ਫੜ੍ਹ,
ਕਦੇ ਨਹੀਂ ਚਲਾਵਾਂਗੇ।
ਪਹਿਲਾਂ ਬੜਾ ਪ੍ਰਦੂਸ਼ਣ.....।

ਤਲਵੰਡੀ ਦੇ ਅਮਰੀਕ ਨੇ,
ਗੱਲ ਇਹ ਵੀ ਸਮਝਾਈ।
ਅੱਗ ਲਾਕੇ ਫੂਕੋ ਨਾ,
ਕਹਿੰਦੇ ਮਿਹਨਤ ਦੀ ਕਮਾਈ।
ਜਿਵੇਂ ਉਹਨਾਂ ਦੱਸਿਆ,
ਖਰਚ ਵੀ ਘਟਾਵਾਂਗੇ।
ਪਹਿਲਾਂ ਬੜਾ ਪ੍ਰਦੂਸ਼ਣ.....।

ਅਜੀਤ ਅਖਬਾਰ: **10-11-2001**